# SIKH COUNCIL UK

A UNITED VOICE

**20 AUGUST 2011**

**ਸਿੰਘ ਸਾਹਿਬ ਭਾਈ ਗੁਰਬਚਨ ਸਿੰਘ ਜੀ**

**ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ,**

**ਪੰਜਾਬ, ਇੰਡੀਆ**

**ਸਿੰਘ ਸਾਹਿਬ ਜੀਉ,**

**ਵਾਹਿਗੁਰੂ ਜੀ ਕਾ ਖ਼ਾਲਸਾ॥**

**ਵਾਹਿਗੁਰੂ ਜੀ ਕੀ ਫਤਹਿ॥**

**ਮਾਮਲਾ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਦਾ–ਪਿੰਡ ਊਧਮਪੁਰ ਦੀ ਘਟਨਾ**

੧੨ ਅਗਸਤ ੨੦੧੧ ਦੀ ਰਾਤ ਨੂੰ ਮੋਰਿੰਡਾ ਨੇੜੇ ਪੈਂਦੇ ਪਿੰਡ ਊਧਮਪੁਰ (ਨੱਲਾ) ਵਿੱਚ ਸ੍ਰੀ ਗੁਰੂ ਗੰਥ ਸਾਹਿਬ ਦੇ ਪੰਜ ਸਰੂਪਾਂ, ਕਈ ਗੁਟਕੇ ਅਤੇ ਚੌਰ ਸਾਹਿਬ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਦੇ ਨਾ.ਲ ਲਗਦੇ ਖੂਹ ਵਿੱਚ ਸੁੱਟ ਕੇ ਘੋਰ ਬੇਅਦਬੀ ਕੀਤੇ ਜਾਣ ਤੇ ਯੂ ਕੇ ਅਤੇ ਯੂਰਪ ਵਿੱਚ ਬੈਠੇ ਸਿੱਖਾਂ ਨੂੰ ਗਹਿਰਾ ਸਦਮਾ ਲੱਗਾ ਹੈ। ਇਹ ਖ਼ਬਰ ਸਭ ਤੋਂ ਪਹਿਲਾਂ ਇੱਥੋਂ ਦੇ ਸਿੱਖ ਟੈਲੀਵੀਯਨ ਚੈਨਲਾਂ ਅਤੇ ਰੇਡੀਉ ਤੇ ਦੇਖ-ਸੁਣ ਕੇ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ। ਹੈਰਾਨੀ ਦੀ ਗੱ.ਲ ਹੈ ਕਿ ਪੰਜਾਬੀ ਮੀਡੀਆ, ਇਲਾਕੇ ਦੇ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੈਂਬਰ, ਉੱਥੋਂ ਦੇ ਵਿਧਾਇਕ, ਸੰਸਦ ਮੈਂਬਰ ਤੇ ਪੰਜਾਬ ਸਰਕਾਰ ਦਾ ਪ੍ਰਸਾਸ਼ਨ, ਆਦਿ ਨੇ ਇਸ ਘਟਨਾ ਬਾਰੇ ਬਹੁਤ ਦੇਰ ਤੱਕ ਅਵੇਸਲਾ ਪਨ ਦਿਖਾਇਆ ਹੈ।

ਇਸ ਮਾਮਲੇ ਵਿੱਚ ਆਪ ਜੀ ਦੇ ਬਿਆਨ ਅਤੇ ਐਕਸ਼ਨ ਬਾਰੇ ਅਖ਼ਬਾਰਾਂ ਰਾਹੀਂ ਸਾਨੂੰ ਪਤਾ ਲੱਗਾ ਹੈ। ਅਸੀਂ ਯੂ ਕੇ ਅਤੇ ਯੂਰਪ ਦੀਆਂ ਸੰਗਤਾਂ ਆਪ ਜੀ ਵਲੋਂ ਹੋਈ ਪਹਿਲ ਕਦਮੀ ਦੀ ਸ਼ਲਾਘਾ ਕਰਦੇ ਹੋਏ ਧੰਨਵਾਦਿ ਕਰਦੇ ਹਾਂ। ਵਿਦੇਸ਼ ਵਸਦੀਆਂ ਇੱਥੋਂ ਦੀਆਂ ਸਾਰੀਆਂ ਸੰਗਤਾਂ ਜਿੱਥੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਣ ਹੁੰਦੀਆਂ ਹੋਈਆਂ ਆਪ ਜੀ ਨੂੰ ਹਮੇਸ਼ਾਂ ਸਹਿਯੋਗ ਦੇਣ ਦਾ ਵਾਅਦਾ ਕਰਦੀਆਂ ਹਨ ਉੱਥੇ ਆਪ ਜੀ ਨੂੰ ਇਹ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਦੀਵੀ ਸਤਿਕਾਰ ਬਹਾਲ ਕਰਨ ਲਈ ਹੋਰ ਯੋਗ ਕਦਮ ਚੁੱਕੇ ਜਾਣ ਤਾਂ ਕਿ ਭਵਿੱਖ ਵਿੱਚ ਇਹੋ ਜਿਹੀ ਘਿਨੌਣੀ ਘਟਨਾ ਨਾ ਵਾਪਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਨੂੰ ਕਾਇਮ ਰੱਖਣਾ ਸ਼੍ਰੋਮਣੀ ਗੁ: ਪ੍ਰ: ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮੁੱਢਲੀ ਜੁੰਮੇਵਾਰੀ ਹੋਣ ਕਰਕੇ ਤੁਹਾਡੇ ਵਲੋਂ ਇਹ ਹਦਾਇਤ ਦੇਣੀ ਲਾਹੇਵੰਦ ਹੋਵੇਗੀ ਕਿ ਕਿਸੇ ਵੀ ਨਿਰਾਦਰੀ ਵਾਲੀ ਘਟਨਾ ਵਿੱਚ ਸ਼੍ਰੋ ਗ ਪ ਕਮੇਟੀ ਤੁਰੰਤ ਕਾਰਵਾਈ ਕਰੇ ਅਤੇ ਨਾ.ਲ ਨਾ.ਲ ਪੰਜਾਬ ਸਰਕਾਰ, ਪੰਜਾਬ ਪੁਲੀਸ ਤੇ ਪ੍ਰਸਾਸ਼ਨ ਨਾ.ਲ ਵਾਜਬ ਰਾਵਤਾ ਬਣਾਇਆ ਜਾਵੇ।

**ਪੰਥ ਦੇ ਸੇਵਕ**

**ਸਿੱਖ ਕੌਂਸਲ ਯੂ ਕੇ**

Sikh Council UK - c/o Sikh Community & Youth Services (SCYS), 203 Ilkeston Road, Radford, Nottingham. NG7 3FW
Tel: 0115 9158834/6 Email: info@sikhcounciluk.org Website: www.sikhcounciluk.org